# ਕਲਾ ਦੇ ਝਰੋਖੇ ਤੋਂ

**ਗੁਰਸ਼ਰਨ ਸਿੰਘ**

### ਸਭਿਆਚਾਰਕ ਪ੍ਰਦੂਸ਼ਣ

ਬਹੁਤ ਸਾਰੀਆਂ ਗੱਲਾਂ ਲੋਕਾਂ ਦੀ ਤੇ ਖਾਸ ਕਰਕੇ ਸੂਝਵਾਨ ਲੋਕਾਂ ਦੀ ਸਰਗਰਮ ਮੁਦਾਖਲਤ ਦੀ ਮੰਗ ਕਰਦੀਆਂ ਹਨ। ਉਨ੍ਹਾਂ ਵਿਚੋਂ ਇਕ ਗੱਲ ਸਭਿਆਚਾਰਕ ਪ੍ਰਦੂਸ਼ਣ ਦੀ ਹੈ। ਇਸ ਵਿਸ਼ੇ 'ਤੇ ਜਸਵੰਤ ਸਿੰਘ ਵਿਰਦੀ ਦਾ ਇਕ ਲੇਖ ਨਵਾਂ ਜ਼ਮਾਨਾ 15 ਸਤੰਬਰ ਦੇ ਅੰਕ ਵਿਚ ਆਇਆ ਹੈ। ਲੇਖ ਵਿਚ ਵਿਅੰਗ ਵੀ ਹੈ ਤੇ ਸਭਿਆਚਾਰਕ ਪ੍ਰਦੂਸ਼ਣ ਬਾਰੇ ਫਿਕਰ ਵੀ ਹੈ। ਲੇਖ ਦੇ ਕੁਝ ਅੰਸ਼ ਇਥੇ ਦੇਣੇ ਲਾਭਦਾਇਕ ਹੋਣਗੇ।

...ਮੇਰੇ ਇਕ ਰਿਸ਼ਤੇਦਾਰ ਨੇ ਆਪਣੇ ਕਾਰਖਾਨੇ ਦਾ ਉਦਘਾਟਨ ਕਰਨਾ ਸੀ ਤੇ ਮੈਂ ਵੀ ਉਸ ਸਮਾਗਮ ਵਿਚ ਸ਼ਾਮਲ ਸਾਂ। ਉਥੇ ਲੋਕਾਂ ਨੇ ਬੜੀ ਕਾਹਲੀ ਨਾਲ ਅਖੰਡ ਪਾਠ ਦਾ ਭੋਗ ਪਾ ਕੇ ਮਹਾਰਾਜ ਨੂੰ ਗੁਰਦੁਆਰੇ ਪਹੁੰਚਾ ਦਿੱਤਾ ਤੇ ਫੇਰ ਦਾਰੂ ਦੀ ਮਹਿਫਲ ਸ਼ੁਰੂ ਕਰ ਲਈ। ਗਾਉਣ ਵਾਲੀਆਂ ਆਈਆਂ, ਉਨ੍ਹਾਂ ਦੇ ਜਿਸਮਾਂ ਉਤੇ ਵਾਸਕਟਾਂ ਸਜਾਈਆਂ ਹੋਈਆਂ ਸਨ ਅਤੇ ਤੇੜ ਲਾਚੇ ਲਾਏ ਹੋਏ ਸਨ। ਗਾਉਣ ਵਾਲਿਆਂ ਨੇ ਗੀਤ ਸ਼ੁਰੂ ਕੀਤਾ: ਵੇ ਮੈਂ ਤੇਰੇ ਤੱਦ ਵਸਣਾ...। ਨਹੀਂ ਕੋਈ ਚੋਂਦਾ ਚੋਂਦਾ, ਹਾਜ਼ਰ ਦਰਸ਼ਕਾਂ ਵਲੋਂ ਫਰਮਾਇਸ਼ ਆਈ। ਖੱਟਣ ਗਿਆ ਤੇ ਖੱਟ ਕੇ ਲਿਆਇਆ ਤਾਲਾ, ਮਾਮੀ ਕੰਜਰੀ ਦਾ ਨਾਲਾ ਘੁੰਗਰੂਆਂ ਵਾਲਾ। ਵਾਹ, ਵਾਹ, ਇਹ ਹੋਈ ਨਾ ਗੱਲ, ਨਾਲਾ ਘੁੰਗਰੂਆਂ ਵਾਲਾ। ਨੋਟਾਂ ਦੀ ਭਰਮਾਰ ਲਗ ਗਈ। ਪਤਾ ਨਹੀਂ ਲੋਕਾਂ ਕੋਲ ਨੋਟ ਕਿੱਥੋਂ ਆਉਂਦੇ ਨੇ? ਗਾਉਣ ਵਾਲੀਆਂ ਦੇ ਰੇਸ਼ਮੀ ਲਾਚੇ ਪੰਜ ਸੱਤ ਮਿੰਟਾਂ ਪਿੱਛੋਂ ਢਿਲਕਣ ਲਗਦੇ ਤੇ ਉਹ ਕਾਹਲੀ ਨਾਲ ਉਨ੍ਹਾਂ ਨੂੰ ਘੁੱਟ ਕੇ ਬੰਨ੍ਹਦੀਆਂ। ਮਹਿਫਲ ਵਿਚੋਂ ਆਵਾਜ਼ ਉਭਰੀ– ਰਹਿਣ ਦਿਉ ਹੁਣ ਸਾਡੇ ਵਿਚਕਾਰ ਲਾਚੇ ਦੀ ਕਿਹੜੀ ਲੋੜ ਰਹਿ ਗਈ ਐ? ਮੈਂ ਇਕ ਮਹਿਮਾਨ ਕੋਲੋਂ ਪੁੱਛਿਆ, ''ਕਿਉਂ ਜੀ, ਪੰਜਾਬਣਾਂ ਹੁਣ ਲਾਚੇ ਲਾਉਣ ਲਗ ਪਈਆਂ ਨੇ? ਨਹੀਂ ਗਾਉਣ ਵਾਲੀਆਂ ਹੀ ਲਗਾਉਂਦੀਆਂ ਨੇ। ਕਿਉਂ? ਲੋਕ ਪਸੰਦ ਕਰਦੇ ਨੇ। ਲੋਕ ਤਾਂ ਹੋਰ ਵੀ ਬੜਾ ਕੁਝ...। ਉਸ ਵੇਲੇ ਮੈਨੂੰ ਚੇਤੇ ਆਇਆ ਕਿ ਟੀ.ਵੀ. ਪ੍ਰੋਗਰਾਮਾਂ ਵਿਚ ਵੀ ਗਾਉਣ ਵਾਲੀਆਂ ਲਾਚੇ ਲਾ ਕੇ ਹੀ ਆਉਂਦੀਆਂ ਨੇ। (ਉਥੇ ਟੀ.ਵੀ. ਵਾਲਿਆਂ ਕੋਲ ਪੰਜਾਬੀ ਪ੍ਰਦੂਸ਼ਣ ਦੀ ਅਜਾਰੇਦਾਰੀ ਹੈ)... ਕੀ ਤੁਹਾਡੀ ਬੇਟੀ ਵੀ ਲਾਚਾ ਬੰਨ੍ਹਦੀ ਹੈ? ਨਹੀਂ ਜੀ ਅਸੀਂ ਇਸ ਲੱਚਰਪੁਣੇ ਦੀ ਇਜਾਜ਼ਤ ਨਹੀਂ ਦੇ ਸਕਦੇ। ਉਸ ਵੇਲੇ ਮੈਂ ਨਸ਼ਈ ਲੋਕਾਂ ਦੇ ਚਿਹਰਿਆਂ ਵਲ ਤੱਕਿਆ। ਇਨ੍ਹਾਂ ਵਿਚੋਂ ਕੁਝ ਲੋਕ ਮੇਰੇ ਰਿਸ਼ਤੇਦਾਰ ਰਾਮਗੜ੍ਹੀਆ ਬਰਾਦਰੀ ਦੇ ਚਸ਼ਮੇ ਚਿਰਾਗ ਸਨ ਅਤੇ ਕੁਝ ਪਿੰਡਾਂ ਦੀ ਕਿਰਸਾਨੀ। ਉਨ੍ਹਾਂ ਦੀ ਬੋਲਚਾਲ ਵਿਚ ਤਿੱਖਾਪਣ, ਫੱਕੜਪੁਣਾ ਅਤੇ ਗਾਲ੍ਹਮੰਦਾ ਭਾਰੂ ਸੀ। ਮੈਨੂੰ ਖਿਆਲ ਆਇਆ ਕਿ ਪਿਛਲੇ 15 ਵਰ੍ਹਿਆਂ ਵਿਚ ਵਧੇਰੇ ਫਸਲ ਦੀ ਪੈਦਾਵਾਰ ਨੇ ਅਤੇ ਛੋਟੀ ਸਨਅਤ ਦੀ ਤਰੱਕੀ ਨੇ, ਇਕ ਖਾਸ ਕਿਸਮ ਤੇ ਛੋਟੇ ਤਬਕੇ ਨੂੰ ਛੋਟੇ ਪੱਧਰ ਤੋਂ ਚੁੱਕ ਕੇ ਖੁਸ਼ਹਾਲ ਬਣਾ ਦਿੱਤਾ ਹੈ। ਉਨ੍ਹਾਂ ਲੋਕਾਂ ਦੇ ਪੁੱਤਰ ਨਾ ਪਹਿਲੇ ਪੜ੍ਹਦੇ ਲਿਖਦੇ ਸਨ ਅਤੇ ਨਾ ਹੀ ਹੁਣ ਪੜ੍ਹਦੇ ਲਿਖਦੇ ਨੇ। ... ਇਹ ਨਵੀਂ ਨਵੀਂ ਅਮੀਰ ਹੋਈ ਜਮਾਤ ਸਿਆਸਤ 'ਤੇ ਵੀ ਹਾਵੀ ਹੋ ਰਹੀ ਹੈ ਤੇ ਰੋਜ਼ ਦਿਹਾੜੀ ਜਿਹੜੇ ਸਭਿਆਚਾਰਕ ਪ੍ਰੋਗਰਾਮਾਂ ਦੀਆਂ ਖਬਰਾਂ ਆਉਂਦੀਆਂ ਹਨ ਤੇ ਡੱਬੀਆਂ ਵਿਚ, ਗਾਇਕਾਂ ਦੀਆਂ ਤਸਵੀਰਾਂ ਆਉਂਦੀਆਂ ਹਨ, ਇਹ ਵੀ ਇਸ ਤਬਕੇ ਦੀ ਹੀ ਦੇਣ ਹਨ।

ਜਸਵੰਤ ਸਿੰਘ ਵਿਰਦੀ ਨੇ ਇਸ ਲੇਖ ਵਿਚ ਹੋਰ ਵੀ ਮੁੱਦੇ ਉਠਾਏ ਹਨ ਅਤੇ ਜਿਥੇ ਪੰਜਾਬ ਦੇ ਸਭਿਆਚਾਰ ਦਾ ਗੰਦੀ ਨਾਲੀ ਵਿਚ ਡਿਗਣ ਦਾ ਜ਼ਿਕਰ ਕੀਤਾ ਹੈ ਤੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਇਸ ਸਭਿਆਚਾਰਕ ਪ੍ਰਦੂਸ਼ਣ ਬਾਰੇ ਫਿਕਰ ਕਰਨਾ ਜ਼ਰੂਰੀ ਹੈ, ਉਥੇ ਲੇਖ ਦੇ ਅਖੀਰ ਵਿਚ ਉਸ ਨੇ ਇਕ ਹੋਰ ਪੱਖ ਦੀ ਗੱਲ ਵੀ ਕੀਤੀ ਹੈ। ਇਨ੍ਹਾਂ ਗਾਉਣ ਵਾਲੀਆਂ ਨੇ ਇਕ ਬਜ਼ੁਰਗ ਦੀ ਫਰਮਾਇਸ਼ 'ਤੇ ਕੋਈ ਸ਼ਬਦ ਗਾਉਣ ਲਈ ਨਾਂਹ ਕਰ ਦਿੱਤੀ। ਪਿੱਛੋਂ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਅਸੀਂ ਦਾਰੂ ਦਾ ਘੁੱਟ ਲਾਇਆ ਹੋਇਆ ਸੀ ਤੇ ਦਾਰੂ ਪੀ ਕੇ ਅਸੀਂ ਬਾਬੇ ਦੀ ਬਾਣੀ ਨਹੀਂ ਬੋਲਦੀਆਂ। ਵਿਰਦੀ ਨੇ ਇਸ ਬਾਰੇ ਟਿੱਪਣੀ ਕੀਤੀ ਹੈ ''ਮੈਨੂੰ ਮਹਿਸੂਸ ਹੋਇਆ ਕਿ ਹਾਲੇ ਵੀ ਪੰਜਾਬ ਦੇ ਸਭਿਆਚਾਰ ਨੂੰ ਗੰਦੀ ਨਾਲੀ ਵਿਚੋਂ ਡਿਗਣੋਂ ਬਚਾਇਆ ਜਾ ਸਕਦਾ ਹੈ।''

ਇਹ ਆਪ ਬੀਤੀ ਸ਼ੈਲੀ ਵਿਚ ਲਿਖੇ ਗਏ ਲੇਖ ਲਈ ਵਿਰਦੀ ਵਧਾਈ ਦਾ ਪਾਤਰ ਹੈ।

### ਲੇਖਕ ਦਿਵਸ

ਪਲਸ ਮੰਚ ਵਲੋਂ 25 ਸਤੰਬਰ ਦਾ ਦਿਨ ਲੇਖਕ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਸ ਸਾਲ ਵੀ ਪਿਛਲੇ ਸਾਲ ਵਾਂਗ ਇਹ ਦਿਵਸ ਅੱਜ 29 ਸਤੰਬਰ ਨੂੰ ਘੋਲੀਆਂ ਕਲਾਂ ਵਿਚ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਸ਼ੁਰੂ ਹੋਣ ਵਾਲੇ ਸਾਹਿਤਕ ਸਮਾਗਮ ਵਿਚ 'ਵਿਅੰਗ, ਤ੍ਰਾਸਦੀ, ਦੁਖਾਂਤ ਅਤੇ ਯਥਾਰਥ ਵਿਸ਼ੇ ਉਪਰ ਡਾ. ਸੁਰਜੀਤ ਬਰਾੜ ਵਲੋਂ ਪਰਚਾ ਪੜ੍ਹਿਆ ਜਾਏਗਾ। ਪਰਚੇ 'ਤੇ ਬਹਿਸ ਦਾ ਆਰੰਭ ਸੁਰਜੀਤ ਗਿੱਲ ਕਰਨਗੇ। ਸਵੇਰ ਦੇ ਸੈਸ਼ਨ ਵਿਚ ਕਵੀ ਦਰਬਾਰ ਹੋਏਗਾ, ਇਸ ਵਿਚ ਨਾਮਵਰ ਕਵੀ ਆਪਣਾ ਕਲਾਮ ਪੇਸ਼ ਕਰਨਗੇ। ਰਾਤ ਨਾਟਕ ਮੇਲਾ ਵੀ ਹੋਏਗਾ, ਇਸ ਵਿਚ ਚੇਤਨਾ ਮੰਚ ਚਮਕੌਰ ਸਾਹਿਬ ਅਤੇ ਰੰਗ ਮੰਚ ਮੋਗਾ ਵਲੋਂ ਨਾਟਕ ਪੇਸ਼ ਹੋਣਗੇ। ਸਾਹਿਤ ਲੋਕਾਂ ਤਕ ਪੁਚਾਏ ਜਾਣ ਦਾ ਨਿਸ਼ਾਨਾ ਲੈ ਕੇ ਇਹ ਸਮਾਗਮ ਖਾਸ ਮਹੱਤਤਾ ਰਖਦਾ ਹੈ।

29-9-1996.